ਵੱਲ,

Principal,
Silver Oaks School, Lehra Begga,
Rampura Road, Distt Bathinda.

ਨੰ: 2180 ਮਿਤੀ: 27/5/25

**ਵਿਸ਼ਾ:-** **ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਿਸ਼ੇ ਅੰਕਿਤ ਸਕੂਲ ਦੀ ਇਮਾਰਤ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਸਾਲ 2025-26 ਲੈਣ ਲਈ ਆਪ ਵੱਲੋਂ ਇਸ ਦਫਤਰ ਵਿਖੇ ਪ੍ਰਾਪਤ ਹੋਇਆ ਹੈ। ਆਪਦੇ ਸਕੂਲ ਦੀ ਬਿਲਡਿੰਗ ਦੀ ਉਪ ਮੰਡਲ ਇੰਜੀਨੀਅਰ ਦੇ ਦਫਤਰ ਵੱਲੋਂ ਵਿਜੂਅਲੀ ਇੰਸਪੈਕਸ਼ਨ ਕੀਤੀ ਗਈ ਅਤੇ ਉਨ੍ਹਾਂ ਦੀ ਰਿਪੋਰਟ/ਸਿਫਾਰਿਸ਼ ਅਨੁਸਾਰ ਨਿਮਨਲਿਖਤ ਨਿਰੀਖਣਾਂ ਅਤੇ ਸ਼ਰਤਾਂ ਅਧੀਨ ਸਾਲ 2025-26 ਦਾ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ:-

1 ਸਕੂਲ ਕੋਲ ਕਿਸੇ ਅਣਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਯੋਜਨਾ ਹੋਣੀ ਚਾਹੀਦੀ ਹੈ, ਜਿਸ ਵਿੱਚ ਐਮਰਜੈਂਸੀ ਦੌਰਾਨ ਬੱਚਿਆਂ ਨੂੰ ਬਿਲਡਿੰਗ ਵਿੱਚੋਂ ਸੁਰੱਖਿਅਤ ਬਾਹਰ ਕੱਢਣਾ ਅਤੇ ਸਬੰਧਤ ਵਿਭਾਗ ਨਾਲ ਤਾਲਮੇਲ ਕਰਨ ਦੀ ਯੋਜਨਾ ਹੋਣੀ ਚਾਹੀਦੀ ਹੈ। ਸਕੂਲ ਨੂੰ ਇਸ ਯੋਜਨਾ ਦੀ ਪ੍ਰਭਾਵਸ਼ੀਲਤਾ ਨੂੰ ਯਕੀਨੀ ਬਣਾਉਣ ਲਈ ਨਿਯਮਿਤ ਤੌਰ ਤੇ ਸਮੀਖਿਆ ਅਤੇ ਅੱਪਡੇਟ ਕਰਦੇ ਰਹਿਣਾ ਚਾਹੀਦਾ ਹੈ।

2 ਜੇਕਰ ਸਕੂਲ ਵੱਲੋਂ ਇਸ ਇਮਾਰਤ ਵਿੱਚ ਕੋਈ ਵਾਧਾ, ਤਬਦੀਲੀ, ਵਿਸਤਾਰ ਅਤੇ ਸੋਧ ਦੀ ਲੋੜ ਹੈ ਜਾਂ ਕੀਤੇ ਜਾਣੇ ਹਨ ਤਾਂ ਇਸ ਦਫਤਰ ਦੀ ਤੁਰੰਤ ਜਾਂਚ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ਹਿੱਸੇ ਨੂੰ ਮੁਕੰਮਲ ਕਰਕੇ ਉਸ ਦਾ ਸੇਫਟੀ ਸਰਟੀਫਿਕੇਟ ਇਸ ਦਫਤਰ ਪਾਸੋਂ ਫਿਰ ਤੋਂ ਲਿਆ ਜਾਵੇ।

3 ਜੇਕਰ ਬਿਲਡਿੰਗ ਦੀਆਂ ਕੰਧਾਂ, ਨੀਹਾਂ ਅਤੇ ਛੱਤਾਂ ਕੁਦਰਤੀ ਆਫਤ ਜਾਂ ਕਿਸੇ ਹੋਰ ਕਾਰਨ ਕਰਕੇ ਬੈਠ ਜਾਣ ਤਾਂ ਇਸ ਸੂਰਤ ਵਿੱਚ ਸਕੂਲ ਵੱਲੋਂ ਇਸ ਦਫਤਰ ਨੂੰ ਤੁਰੰਤ ਬਿਲਡਿੰਗ ਦੀ ਹਾਲਤ ਬਾਰੇ ਸੂਚਿਤ ਕੀਤਾ ਜਾਵੇ ਅਤੇ ਨਿਰੀਖਣ ਕਰਵਾਉਣ ਉਪਰੰਤ ਹੀ ਬਿਲਡਿੰਗ ਨੂੰ ਵਰਤੋਂ ਵਿੱਚ ਲਿਆ ਜਾਵੇ।

4 ਸਬੰਧਤ ਵਿਭਾਗ ਤੋਂ ਵੱਖਰੇ ਤੌਰ ਤੇ ਫਾਇਰ ਸੇਫਟੀ ਸਰਟੀਫਿਕੇਟ, ਇਲੈਕਟ੍ਰੀਕਲ ਸੇਫਟੀ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ।

5 ਸਕੂਲ ਬਿਲਡਿੰਗ ਦੀ ਸੇਫਟੀ ਨੂੰ ਮੁੱਖ ਰੱਖਦੇ ਹੋਏ ਬਿਲਡਿੰਗ ਦੀ ਰਿਪੇਅਰ ਕਰਵਾਉਣ ਦੀ ਜ਼ਿੰਮੇਵਾਰੀ ਸਕੂਲ ਪ੍ਰਬੰਧਨ ਦੀ ਹੈ। ਇਸ ਰਿਪੋਰਟ ਦੇ ਬਾਵਜੂਦ ਸਕੂਲ ਪ੍ਰਬੰਧਨ ਸਾਰੇ ਪੱਖਾਂ ਤੋਂ ਬਿਲਡਿੰਗ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ।

6 Vikas Bansal Associates (Er. Vikas Kumar Bansal) ਵੱਲੋਂ ਮਿਤੀ: 07.04.2025 ਨੂੰ ਸਟਰੱਕਚਰ ਸੁਰੱਖਿਆ ਸਰਟੀਫਿਕੇਟ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਸਰਟੀਫਿਕੇਟ ਅਨੁਸਾਰ ਸਕੂਲ ਸੈਸ਼ਨ 2025-26 ਲਈ ਵਰਤੋਂ ਲਈ ਸੁਰੱਖਿਅਤ ਹੈ, ਪਰੰਤੂ ਇਸ ਸਕੂਲ ਦਾ ਨਿਰਮਾਣ ਇਸ ਵਿਭਾਗ ਵੱਲੋਂ ਨਹੀਂ ਕੀਤਾ ਗਿਆ ਹੈ, ਇਸ ਲਈ ਇਸ ਵਿਭਾਗ ਦੁਆਰਾ ਸਕੂਲ ਦੀ ਸਟਰੱਕਚਰ ਦੀ ਸੇਫਟੀ ਖਾਸ ਕਰਕੇ ਭੂਚਾਲ ਦੇ ਦ੍ਰਿਸ਼ਟੀਕੋਣ ਤੋਂ ਯਕੀਨੀ ਨਹੀਂ ਬਣਾਈ ਜਾ ਸਕਦੀ ਹੈ।

7 ਸਕੂਲ ਨੂੰ ਸਟਾਫ ਮੈਂਬਰਾਂ ਨੂੰ ਉਚਿਤ ਸੁਰੱਖਿਆ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ, ਜਿਸ ਵਿੱਚ ਐਮਰਜੈਂਸੀ, ਫਸਟ ਏਡ ਅਤੇ ਨਿਕਾਸੀ ਪ੍ਰੋਟੋਕੋਲ ਨੂੰ ਸੰਭਾਲਣ ਦੀਆਂ ਪ੍ਰਕਿਰਿਆਵਾਂ ਵੀ ਸ਼ਾਮਲ ਹਨ।

8 ਸਕੂਲ ਦੇ ਕਵਰਡ ਏਰੀਏ ਦੇ ਹਿਸਾਬ ਨਾਲ ਚਲਾਨ ਨੰ: 17605892/CPAFDPUIE2 ਮਿਤੀ: 21.05.2025 ਰਾਹੀਂ ਵੀਹ ਹਜ਼ਾਰ ਰੁਪਏ (20,000/-) ਬਿਲਡਿੰਗ ਨਿਰੀਖਣ ਫੀਸ ਵਜੋਂ ਜਮ੍ਹਾ ਕਰਵਾ ਦਿੱਤੇ ਗਏ ਹਨ। ਸਕੂਲ ਦਾ ਫਾਇਰ ਸੇਫਟੀ ਸਰਟੀਫਿਕੇਟ ਮਿਤੀ: 13.02.2026 ਤੱਕ ਵੈਲਿਡ ਹੈ। ਅਤੇ ਸਕੂਲ ਪ੍ਰਬੰਧਨ ਸਮੇਂ ਸੀਮਾ ਅੰਦਰ ਫਾਇਰ ਸੇਫਟੀ ਸਰਟੀਫਿਕੇਟ ਰੀਨਿਊ ਕਰਵਾਉਣ ਲਈ ਜ਼ਿੰਮੇਵਾਰ ਹੋਵੇਗਾ।

9 ਇਹ ਰਿਪੋਰਟ ਕਾਨੂੰਨੀ ਉਦੇਸ਼ ਲਈ ਵੈਲਿਡ ਨਹੀਂ ਹੈ।

**ਸਕੂਲ ਦਾ ਫਾਇਰ ਸੇਫਟੀ ਸਰਟੀਫਿਕੇਟ 13.02.2026 ਤੱਕ ਵੈਲਿਡ ਹੈ। ਜੇਕਰ ਸਕੂਲ ਪ੍ਰਬੰਧਨ ਵੱਲੋਂ ਫਾਇਰ ਸੇਫਟੀ ਸਰਟੀਫਿਕੇਟ ਮਿਤੀ: 31.03.2026 ਤੱਕ ਲਈ ਰੀਨਿਊ ਕਰਵਾ ਲਿਆ ਜਾਂਦਾ ਹੈ ਤਾਂ ਬਿਲਡਿੰਗ ਸੇਫਟੀ ਸਰਟੀਫਿਕੇਟ (ਬਿਨਾਂ ਦੁਬਾਰਾ ਇੰਸਪੈਕਸ਼ਨ ਫੀਸ ਜਮ੍ਹਾਂ ਕਰਵਾਏ) ਮਿਤੀ: 31.03.2026 ਤੱਕ ਵੈਲਿਡ ਮੰਨਿਆ ਜਾਵੇਗਾ।**

ਨੱਥੀ/ ਨਕਸ਼ਾ

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭਤੇਮ ਸ਼ਾਖਾ,
ਬਠਿੰਡਾ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ ਪ੍ਰਾਂਤਕ ਉਪ ਮੰਡਲ ਨੰ:2 ਭਤੇਮ ਸ਼ਾਖਾ ਬਠਿੰਡਾ ਨੂੰ ਉਨ੍ਹਾਂ ਦੇ ਪੱਤਰ ਨੰ: 126 ਮਿਤੀ: 23.05.2025 ਦੇ ਸਬੰਧ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੀ ਸਿਫਾਰਿਸ਼ ਨੂੰ ਮੁੱਖ ਰੱਖਦੇ ਹੋਏ ਉਕਤ ਸਕੂਲ ਨੂੰ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭਤੇਮ ਸ਼ਾਖਾ,
ਬਠਿੰਡਾ।